ਨੰ:16/23/96-9ਪੀ3/ਸਪੈਸ਼ਲ-223

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤਕ 3 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਉਪ ਮੰਡਲ ਅਫਸਰ(ਸਿਵਲ)।

ਮਿਤੀ, ਚੰਡੀਗੜ੍ਹ 17-4-2001

ਵਿਸ਼ਾ:- ਪੰਜਾਬ ਰਾਜ ਦੇ ਫਰੀਡਮ ਫਾਈਟਰਾਂ ਨੂੰ ਪੰਜਾਬ ਰਾਜ ਦੇ ਪੈਨਸ਼ਨਰਾਂ ਵਾਂਗ ਏਮਜ਼, ਨਵੀਂ ਦਿੱਲੀ, ਪੀ.ਜੀ.ਆਈ, ਚੰਡੀਗੜ੍ਹ ਅਤੇ ਪੰਜਾਬ ਰਾਜ ਤੋਂ ਬਾਹਰ ਸਥਿਤ ਮੈਡੀਕਲ ਸੰਸਥਾਵਾਂ (ਜਿਨ੍ਹਾਂ ਵਿੱਚ ਪੈਨਸ਼ਨਰਾਂ ਨੂੰ ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਫਰੀਡਮ ਫਾਈਟਰਾਂ ਨੂੰ ਇਲਾਜ ਦੀ ਸਹੂਲਤ ਦੇਣ ਸਬੰਧੀ।

***

ਸ੍ਰੀਮਾਨ ਜੀ,

2. ਮੈਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 659-5ਐਚਬੀ5-83/1795, ਮਿਤੀ
2.5.1983, ਪਿਠ ਅੰਕਣ ਨੰ: 2761-ਐਚਬੀ5-83/11297, ਮਿਤੀ 5.5.1983 ਅਤੇ ਮੀਮੋ ਨੰ:
21/34/96-5ਜਿ-5/46208, ਮਿਤੀ 22.12.99 ਵੱਲ ਧਿਆਨ ਦਿਵਾਉਣ ਅਤੇ ਇਹ ਸੂਚਿਤ
ਕਰਨ ਦੀ ਹਦਾਇਤ ਹੋਈ ਹੈ, ਇਨ੍ਹਾਂ ਹਦਾਇਤਾਂ ਰਾਹੀਂ ਫੈਸਲਾ ਹੋਇਆ ਸੀ ਕਿ ਫਰੀਡਮ
ਫਾਈਟਰਾਂ ਨੂੰ ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁਫਤ ਮੈਡੀਕਲ ਸਹੂਲਤ ਦਿੱਤੀ
ਜਾਵੇਗੀ। ਇਨ੍ਹਾਂ ਹਦਾਇਤਾਂ ਅਨੁਸਾਰ ਫਰੀਡਮ ਫਾਈਟਰ ਦਾ ਇਲਾਜ ਜੇਕਰ ਇੰਡੋਰ ਹੋ ਰਿਹਾ
ਹੋਵੇ ਤਾਂ ਉਸ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ ਜੇਕਰ ਹਸਪਤਾਲ ਜਾਂ
ਡਿਸਪੈਂਸਰੀ ਵਿੱਚ ਉਪਲੱਬਧ ਨਹੀਂ ਹਨ ਤਾਂ ਉਹ ਦਵਾਈਆਂ ਹੋਸਪਤਾਲ ਦੇ ਅਧਿਕਾਰੀਆਂ ਵਲੋਂ
ਬਜ਼ਾਰ ਤੋਂ ਖਰੀਦ ਕੇ ਫਰੀਡਮ ਫਾਈਟਰਾਂ ਨੂੰ ਮੁਹੱਈਆ ਕਰਵਾਈਆਂ ਜਾਣ ਅਤੇ ਇਹ ਵੀ
ਉਪਬੰਧ ਸੀ ਕਿ ਇੰਨਡੋਰ ਇਲਾਜ ਸਮੇਂ ਦਵਾਈ ਡਿਸਪੈਂਸਰੀ/ਹਸਪਤਾਲ ਵਿੱਚ ਉਪਲੱਬਧ ਨਾ ਹੋਣ
ਦੀ ਸੂਰਤ ਵਿੱਚ ਫਰੀਡਮ ਫਾਈਟਰ ਵਲੋਂ ਖਰੀਦੀ ਗਈ ਦਵਾਈ ਦੀ ਕੀਮਤ ਦੀ ਪ੍ਰਤੀ ਪੂਰਤੀ
ਕੀਤੀ ਜਾਵੇ।

3. ਸੁਤੰਤਰਤਾ ਸੰਗਰਾਮੀਆਂ ਦੀ ਕਾਫੀ ਸਮੇਂ ਤੋਂ ਇਹ ਮੰਗ ਚਲੀ ਆ ਰਹੀ ਹੈ ਕਿ
ਉਨ੍ਹਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਉਹ ਮੈਡੀਕਲ ਸਹੂਲਤਾਂ ਦਿੱਤੀਆਂ ਜਾਣ ਜਿਹੜੀਆਂ
ਕਿ ਪੰਜਾਬ ਰਾਜ ਦੇ ਪੈਨਸ਼ਨਰਾਂ ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੀ ਇਸ ਮੰਗ ਤੇ ਹਮਦਰਦੀ
ਨਾਲ ਵਿਚਾਰ ਕਰਦੇ ਹੋਏ ਰਾਜ ਸਰਕਾਰ ਨੇ ਪੰਜਾਬ ਰਾਜ ਦੇ ਫਰੀਡਮ ਫਾਈਟਰਾਂ ਨੂੰ ਪੰਜਾਬ
ਰਾਜ ਦੇ ਪੈਨਸ਼ਨਰਾਂ ਵਾਂਗ ਏਮਜ਼, ਨਵੀਂ ਦਿੱਲੀ, ਪੀ.ਜੀ.ਆਈ, ਚੰਡੀਗੜ੍ਹ ਅਤੇ ਪੰਜਾਬ ਰਾਜ ਦੇ ਅੰਦਰ
ਤੇ ਬਾਹਰ ਸਥਿਤ ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ (ਜਿਨ੍ਹਾਂ ਵਿੱਚ
ਪੈਨਸ਼ਨਰਾਂ ਨੂੰ ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਫਰੀਡਮ ਫਾਈਟਰਾਂ ਨੂੰ ਵੀ
ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ।

ਚਲਦਾ ਪੰਨਾ---2

-2-

4. ਇਹ ਹਦਾਇਤਾਂ ਪਾਲਣਾ ਲਈ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ।

5. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ:ਵਿ:ਪ: ਨੰ: 10/11/2000-4-ਐਫ ਈ1/2063, ਮਿਤੀ 4/9/2000 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

6. ਇਹ ਹਦਾਇਤਾਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅੰ:ਵਿ:ਪ:ਨੰ: 12/32/2000-5ਐਚ:ਬੀ5/29816, ਮਿਤੀ 22.12.2000 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਦਵਾਨ ਪਾਤਰ

(ਕਰਮ ਸਿੰਘ)

ਸਪੈਸ਼ਲ ਸਕੱਤਰ ਫਰੀਡਮ ਫਾਈਟਰਜ਼

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਪੈਸ਼ਲ ਸਕੱਤਰ ਫਰੀਡਮ ਫਾਈਟਰਜ਼

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ:ਵਿ:ਪ:ਨੰ:16/23/96-9ਪੀ3/ ਸਪੈਸ਼ਲ-224 ਮਿਤੀ 17-4-2001

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਅੰ:ਵਿ:ਪ:ਨੰ: 10/11/2000-4ਐਫਈ1/2063, ਮਿਤੀ 4.9.2000 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਪੈਸ਼ਲ ਸਕੱਤਰ ਫਰੀਡਮ ਫਾਈਟਰਜ਼

ਸੇਵਾ ਵਿਖੇ

ਵਿੱਤ ਵਿਭਾਗ, ਪੰਜਾਬ ਸਰਕਾਰ,
(ਵਿੱਤ ਖਰਚਾ-1-ਸ਼ਾਖਾ)

ਅੰ:ਵਿ:ਪੱਤਰ ਨੰ: 16/23/96/9ਪੀ3/ ਸਪੈਸ਼ਲ-225 ਮਿਤੀ 17-4-2001

***

ਇਸ ਦਾ ਇਕ ਉਤਾਰਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਉਨ੍ਹਾਂ ਦੇ ਅੰ:ਵਿ:ਪ:ਨੰ: 12/32/2000-5ਐਚਬੀ5/29816, ਮਿਤੀ 22.12.2000 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਪੈਸ਼ਲ ਸਕੱਤਰ ਫਰੀਡਮ ਫਾਈਟਰਜ਼

ਸੇਵਾ ਵਿਖੇ

ਸਿਹਤ ਤੇ ਪਰਿਵਾਰ ਭਲਾਈ ਵਿਭਾਗ,
(ਸਿਹਤ 5 ਸ਼ਾਖਾ)

ਅੰ:ਵਿ:ਪ:ਨੰ: 16/23/96/9ਪੀ3/ ਸਪੈਸ਼ਲ-226 ਮਿਤੀ 17-4-2001.

15/3/2006-3ਪੀ3/-14
ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤੀ 3 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਉਪ ਮੰਡਲ ਅਫਸਰ (ਸਿਵਲ)

ਮਿਤੀ ਚੰਡੀਗੜ੍ਹ 8-1-2009

ਵਿਸ਼ਾ:- ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਵਾਂਗ ਉਨ੍ਹਾਂ ਦੀਆਂ ਵਿਧਵਾਵਾਂ ਅਤੇ ਅਣ-ਵਿਆਹੀਆਂ ਅਤੇ ਬੇਰੋਜ਼ਗਾਰ ਲੜਕੀਆਂ ਨੂੰ ਇਲਾਜ ਕਰਾਉਣ ਦੀ ਸਹੂਲਤ ਉਪਲੱਬਧ ਕਰਾਉਣ ਸਬੰਧੀ ।

xxx

ਸ੍ਰੀਮਾਨ ਜੀ,

ਮੈਨੂੰ ਪੰਜਾਬ ਸਰਕਾਰ ਦੇ ਪੱਤਰ ਨੰ. 659-5ਐਚਬੀ5-83/1795, ਮਿਤੀ
ਮਿਤੀ 2-5-1983, ਪਿਠ ਅੰਕਣ ਨੰ. 2761-ਐਚਬੀ5 - 83/11297 ਮਿਤੀ
5-5-1983 ਅਤੇ ਮੀਮੋ ਨੰ. 21/34/96-5ਸੀ-5/46208, ਮਿਤੀ 22-12-99 ਵੱਲ
ਧਿਆਨ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਇਨ੍ਹਾਂ
ਹਦਾਇਤਾਂ ਰਾਹੀਂ ਫੈਸਲਾ ਹੋਇਆ ਸੀ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਰਾਜ ਦੇ
ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁਫਤ ਮੈਡੀਕਲ ਸਹੂਲਤ ਦਿੱਤੀ ਜਾਵੇਗੀ।
ਇਨ੍ਹਾਂ ਹਦਾਇਤਾਂ ਅਨੁਸਾਰ ਸੁਤੰਤਰਤਾ ਸੰਗਰਾਮੀ ਦਾ ਇਲਾਜ ਜੇਕਰ ਦਾਖਲ ਹੋ
ਕੇ ਹੋ ਰਿਹਾ ਹੋਵੇ ਤਾਂ ਉਸ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ
ਦਵਾਈਆਂ ਜੇਕਰ ਹਸਪਤਾਲ ਜਾਂ ਡਿਸਪੈਂਸਰੀ ਵਿੱਚ ਉਪਲੱਬਧ ਨਹੀਂ ਹਨ ਤਾਂ
ਉਹ ਦਵਾਈਆਂ ਹਸਪਤਾਲ ਦੇ ਅਧਿਕਾਰੀਆਂ ਵਲੋਂ ਬਜ਼ਾਰ ਤੋਂ ਖਰੀਦ ਕੇ
ਸੁਤੰਤਰਤਾ ਸੰਗਰਾਮੀਆਂ ਨੂੰ ਮੁਹੱਈਆਂ ਕਰਵਾਈਆਂ ਜਾਣ ਅਤੇ ਇਹ ਵੀ
ਉਪਬੰਧ ਸੀ ਕਿ ਇੰਨਡੋਰ ਇਲਾਜ ਸਮੇਂ ਦਵਾਈ ਡਿਸਪੈਂਸਰੀ/ਹਸਪਤਾਲ ਵਿੱਚ
ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਸੁਤੰਤਰਤਾ ਸੰਗਰਾਮੀ ਵਲੋਂ ਖਰੀਦੀ ਗਈ
ਦਵਾਈ ਦੀ ਕੀਮਤ ਦੀ ਪੂਰੀ ਪੂਰਤੀ ਕੀਤੀ ਜਾਵੇ ।

2 ਉਸ ਤੋਂ ਬਾਅਦ ਸਰਕਾਰ ਦੇ ਪੱਤਰ ਨੰ. 16/23/96-
9ਪੀ3/ਸਪੈਸ਼ਲ-223 ਮਿਤੀ 27-4-2001 ਰਾਹੀਂ ਪੰਜਾਬ ਰਾਜ ਦੇ ਸੁਤੰਤਰਤਾ
ਸੰਗਰਾਮੀਆਂ ਨੂੰ ਪੰਜਾਬ ਰਾਜ ਦੇ ਪੈਨਸ਼ਨਰਾਂ ਵਾਂਗ ਏਮਜ਼, ਨਵੀਂ ਦਿੱਲੀ, ਪੀ ਜੀ
ਆਈ., ਚੰਡੀਗੜ੍ਹ ਅਤੇ ਪੰਜਾਬ ਰਾਜ ਦੇ ਅੰਦਰ ਤੇ ਬਾਹਰ ਸਥਿਤ ਪ੍ਰਾਈਵੇਟ
ਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ (ਜਿਸ ਵਿੱਚ ਪੈਨਸ਼ਨਰਾਂ ਨੂੰ
ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਸੁਤੰਤਰਤਾ ਸੰਗਰਾਮੀਆਂ ਨੂੰ
ਵੀ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਸੀ ।

—2

-2-

3 ਪੰਜਾਬ ਸਰਕਾਰ ਨੇ ਦੁਬਾਰਾ ਫੈਸਲਾ ਕੀਤਾ ਹੈ ਕਿ ਆਜ਼ਾਦੀ ਘੁਲਾਟੀਆਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਵਿਧਵਾਵਾਂ ਅਤੇ ਅਣਵਿਆਹੀਆਂ/ਬੇਰੋਜ਼ਗਾਰ ਲੜਕੀਆਂ (ਜਿਨ੍ਹਾਂ ਨੂੰ ਪੈਨਸ਼ਨ ਲੱਗ ਸਕਦੀ ਹੋਵੇ ) ਨੂੰ ਪੰਜਾਬ ਰਾਜ ਦੇ ਆਜ਼ਾਦੀ ਘੁਲਾਟੀਆਂ ਵਾਂਗ ਇਲਾਜ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ ।

4 ਇਹ ਹਦਾਇਤਾਂ ਪਾਲਣਾ ਵਾਸਤੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

5 ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ ਵਿ ਪ ਨੰ: 13/23/2006-4ਵਿ ਖ1/2020 ਮਿਤੀ 21-8-2006 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ ।

6 ਇਹ ਹਦਾਇਤਾਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅੰ ਵਿ ਪ ਨੰ 21/63/2006-5ਸਿਹਤ5/722, ਮਿਤੀ 7-4-2008 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸਪਾਤਰ

ਵਧੀਕ ਸਕੱਤਰ, ਫਰੀਡਮ ਫਾਈਟਰਜ਼

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਫਰੀਡਮ ਫਾਈਟਰਜ਼

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ ਵਿ ਪ ਨੰ 15/3/206-8ਪੀਤ/15 ਮਿਤੀ ਚੰਡੀਗੜ੍ਹ 6-1-2009

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ ਸਰਕਾਰ ਨੂੰ ਉਨ੍ਹਾਂ ਦੇ ਅੰ ਵਿ ਪ ਨੰ 13/23/2006-4ਵਿਖ1/2026 ਮਿਤੀ 21-8-2006 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ, ਫਰੀਡਮ ਫਾਈਟਰਜ਼

ਸੇਵਾ ਵਿਖੇ

ਵਿੱਤ ਵਿਭਾਗ, ਪੰਜਾਬ ਸਰਕਾਰ
(ਵਿੱਤ ਖਰਚਾ-1 ਸ਼ਾਖਾ)

ਅੰ ਵਿ ਪ ਨੰ 15/3/2006-8ਪੀਤ/16 ਮਿਤੀ ਚੰਡੀਗੜ੍ਹ 6-1-2009

15/3/2006-3ਫ.ਫ./1322

**ਪੰਜਾਬ ਸਰਕਾਰ**

**ਆਮ ਰਾਜ ਪ੍ਰਬੰਧ ਵਿਭਾਗ**

**(ਸੁਤੰਤਰਤਾ ਸੰਗਰਾਮੀ ਸ਼ਾਖਾ)**

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ , ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਉਪ ਮੰਡਲ ਅਫਸਰ (ਸਿਵਲ)

ਮਿਤੀ ਚੰਡੀਗੜ੍ਹ 20-10-2011

ਵਿਸ਼ਾ:- ਆਜਾਦੀ ਘੁਲਾਟੀਆਂ ਦੀਆਂ ਪਤਨੀਆਂ ਨੂੰ ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ, ਉਨ੍ਹਾਂ ਦੀਆਂ ਵਿਧਵਾਵਾਂ ਅਤੇ ਅਣਵਿਆਹੀਆਂ ਅਤੇ ਬੇਰੋਜ਼ਗਾਰ ਲੜਕੀਆਂ ਵਾਂਗ ਇਨਡੋਰ ਇਲਾਜ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਦੀ ਸਹੂਲਤ ਉਪਲਬਧ ਕਰਨ ਬਾਰੇ।

***

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 15/3/2006-8ਪੀ3/ 14 ਮਿਤੀ 6-1-2009 ਦੇ ਹਵਾਲੇ ਵਿਚ ਮੈਨੂੰ ਪੰਜਾਬ ਸਰਕਾਰ ਪੱਤਰ ਨੰ: 659-5ਐਚਬੀ5-83/1795, ਮਿਤੀ 2-5-1983, ਪਿਠ ਅੰਕਣ ਨੰ: 2761-ਐਚਬੀ5- 83/11297 ਮਿਤੀ 5-5-1983 ਅਤੇ ਮੀਮੋ ਨੰ: 21/34/96-5ਸਿ-5/46208 ਮਿਤੀ 22-12-99 ਵੱਲ ਧਿਆਨ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ, ਇਨ੍ਹਾਂ ਹਦਾਇਤਾਂ ਰਾਹੀ ਫੈਸਲਾ ਹੋਇਆ ਸੀ ਕਿ ਸੁਤੰਤਰਤਾ ਸੰਗਰਾਮੀਆਂ ਨੂੰ ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁਫਤ ਮੈਡੀਕਲ ਸਹੂਲਤ ਦਿੱਤੀ ਜਾਵੇਗੀ। ਇਨ੍ਹਾਂ ਹਦਾਇਤਾਂ ਅਨੁਸਾਰ ਸੁਤੰਤਰਤਾ ਸੰਗਰਾਮੀ ਦਾ ਇਲਾਜ ਜੇਕਰ ਦਾਖਲ ਹੋ ਕੇ ਹੋ ਰਿਹਾ ਹੋਵੇ ਤਾਂ ਉਸ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਦਵਾਈਆਂ ਜੇਕਰ ਹਸਪਤਾਲ ਜਾਂ ਡਿਸਪੈਂਸਰੀ ਵਿੱਚ ਉਪਲੱਬਧ ਨਹੀ ਹਨ ਤਾਂ ਉਹ ਦਵਾਈਆਂ ਹਸਪਤਾਲ ਦੇ ਅਧਿਕਾਰੀਆਂ ਵਲੋ ਬਜਾਰ ਤੋ ਖਰੀਦ ਕੇ ਸੁਤੰਤਰਤਾ ਸੰਗਰਾਮੀਆਂ ਨੂੰ ਮੁਹੱਈਆ ਕਰਵਾਈਆਂ ਜਾਣ ਅਤੇ ਇਹ ਵੀ ਉਪਬੰਧ ਸੀ ਕੇ ਇੰਨਡੋਰ ਇਲਾਜ ਸਮੇ ਦਵਾਈ ਡਿਸਪੈਂਸਰੀ/ਹਸਪਤਾਲ ਵਿਚ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਸੁਤੰਤਰਤਾ ਸੰਗਰਾਮੀ ਵਲੋ ਖਰੀਦੀ ਗਈ ਦਵਾਈ ਦੀ ਕੀਮਤ ਦੀ ਪ੍ਰਤੀ ਪੂਰਤੀ ਕੀਤੀ ਜਾਵੇ।

ਉਸ ਤੋ ਬਾਅਦ ਸਰਕਾਰ ਦੇ ਪੱਤਰ ਨੰ: 16/23/96-91ਪੀ3/ਸਪੈਸ਼ਲ-223 ਮਿਤੀ 17-4-2011 ਰਾਹੀ ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਰਾਜ ਦੇ ਪੈਨਸ਼ਨਰਾਂ ਵਾਂਗ ਏਮਜ਼, ਨਵੀ ਦਿੱਲੀ, ਪੀ.ਜੀ.ਆਈ., ਚੰਡੀਗੜ੍ਹ ਅਤੇ ਪੰਜਾਬ ਰਾਜ ਦੇ ਅੰਦਰ ਤੇ ਬਾਹਰ ਸਥਿਤ ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ (ਜਿਸ ਵਿੱਚ ਪੈਨਸ਼ਨਰਾਂ ਨੂੰ ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਸੁਤੰਤਰਤਾ ਸੰਗਰਾਮੀਆਂ ਨੂੰ ਵੀ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਸੀ।

3 ਪੰਜਾਬ ਸਰਕਾਰ ਨੇ ਦੁਬਾਰਾ ਫੈਸਲਾ ਕੀਤਾ ਹੈ ਕਿ ਆਜ਼ਾਦੀ ਘੁਲਾਟੀਆਂ ਦੀਆਂ ਪਤਨੀਆਂ, ਆਜ਼ਾਦੀ ਘੁਲਾਟੀਆਂ ਦੀਆਂ ਵਿਧਵਾਵਾਂ ਅਤੇ ਉਨ੍ਹਾਂ ਦੀਆਂ ਅਣਵਿਆਹੀਆਂ ਅਤੇ ਬੇਰੋਜ਼ਗਾਰ ਲੜਕੀਆਂ (ਜਿਨ੍ਹਾਂ ਨੂੰ ਪੈਨਸ਼ਨ ਲੱਗ ਸਕਦੀ ਹੋਵੇ) ਨੂੰ ਪੰਜਾਬ ਰਾਜ ਦੇ ਆਜ਼ਾਦੀ ਘੁਲਾਟੀਆਂ ਵਾਂਗ ਇਲਾਜ ਦੀ ਸਹੂਲਤ ਮੁਹੱਈਆਂ ਕਰਵਾਈ ਜਾਵੇ।

4 ਇਹ ਹਦਾਇਤਾਂ ਪਾਲਣਾ ਵਾਸਤੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

5 ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ:ਵਿ:ਪੱ:ਨੰ: 13/23/2006-4ਵਿ.ਖ.1/1980 ਮਿਤੀ 3-8-2009 ਰਾਹੀ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

6 ਇਹ ਹਦਾਇਤਾਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅੰ:ਵਿ:ਪੱ:ਨੰ: 21/63/2006-5ਸਿਹ 1187 ਮਿਤੀ 29-4-2011 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸਪਾਤਰ,

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਇਸ ਦਾ ਇੱਕ ਉਤਾਰਾ ਜਾਰੇ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ